*Summative Assessment- II*

# ਪੰਜਾਬੀ

## ਜਮਾਤ ਨੌਵੀਂ

> * *Please check that this question paper contains* ***8*** *printed pages.*
> * *Please check that this question paper contains* ***12*** *questions*
> * ਬਹੁ ਵਿਕਲਪੀ ਪ੍ਰਸ਼ਨਾਂ ਵਿੱਚੋਂ **ਸਹੀ ਵਿਕਲਪ** ਚੁਣ ਕੇ **ਉੱਤਰ ਪੁਸਤਿਕਾ ਵਿੱਚ** ਲਿਖੋ।
> * ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

*Time allowed : 2-1/2 hours* — *Maximum Marks : 80*

*ਸਮਾਂ ੨-੧/੨ ਘੰਟੇ* — *ਅੰਕ 80*

*ਪਾਠ ਪੁਸਤਕਾਂ — ਸਾਹਿਤ ਦੀਪਿਕਾ, ਸਾਹਿਤਕ ਵੰਨਗੀਆਂ*

| | | | |
|---|---|---|---|
| (ੳ) | ਗਿਆਨ ਤੇ ਵਿਚਾਰ | 2x5=10 | ਬਹੁ ਵਿਕਲਪੀ ਪ੍ਰਸ਼ਨ |
| (ਅ) | ਵਿਆਕਰਨ | 5x4=20 | ਬਹੁ ਵਿਕਲਪੀ ਪ੍ਰਸ਼ਨ |
| (ੲ) | ਪਾਠ ਪੁਸਤਕਾਂ | 20+10+10=40 | ਛੋਟੇ ਉੱਤਰ ਵਾਲੇ ਪ੍ਰਸ਼ਨ, ਲੰਮੇ ਉੱਤਰ ਵਾਲੇ ਪ੍ਰਸ਼ਨ, ਬਹੁ ਵਿਕਲਪੀ ਪ੍ਰਸ਼ਨ |
| (ਸ) | ਲਿਖਤੀ | 5+5=10 | ਲੰਮੇ ਉੱਤਰ ਵਾਲੇ ਪ੍ਰਸ਼ਨ |

***ਨੋਟ—80 ਅੰਕ ਦੇ ਲਿਖਤੀ ਪ੍ਰਸ਼ਨ-ਪੱਤਰ ਨੂੰ ਮੁਲੰਕਣ ਦੇ ਬਾਅਦ 40 ਅੰਕਾਂ ਵਿੱਚ ਬਦਲ ਲਿਆ ਜਾਵੇਗਾ।***

## (ੳ) ਗਿਆਨ ਤੇ ਵਿਚਾਰ (ਅਣਡਿੱਠਾ ਪੈਰਾ) **2x5=10**

*(1)* ਗਾਉਣਾ ਤੇ ਨੱਚਣਾ ਮਨੁੱਖੀ ਖੁਸ਼ੀ ਦੇ ਸਰੀਰਕ ਪ੍ਰਗਟਾਵੇ ਹਨ। ਜਦੋਂ ਮਨੁੱਖ ਮੌਜ ਵਿੱਚ ਜਾਂ ਤਰੰਗ ਵਿੱਚ ਆਇਆ ਹੁੰਦਾ ਹੈ ਤਾਂ ਉਹ ਆਪ-ਮੁਹਾਰੇ ਕੋਈ ਗੀਤ ਗੁਣ-ਗੁਣਾਉਣ ਲੱਗ ਜਾਂਦਾ ਹੈ, ਕੋਈ ਹੇਕ ਕੱਢਣ ਲੱਗਦਾ ਹੈ ਅਤੇ ਜਦੋਂ ਉਸਦੀ ਖੁਸ਼ੀ ਜ਼ਬਤ ਦੀਆਂ ਹੱਦਾਂ ਟੱਪ ਜਾਂਦੀ ਹੈ ਤਾਂ ਉਹ ਬੇਅਖ਼ਤਿਆਰ ਨੱਚਣਾ ਸ਼ੁਰੂ ਕਰ ਦਿੰਦਾ ਹੈ। ਉਸ ਵੇਲੇ ਉਸ ਦੀ ਆਤਮਾ ਖੇੜਾ-ਖੇੜਾ ਹੋ ਉੱਠਦੀ ਹੈ ਤੇ ਮਨ ਉਪਰ ਇਕ ਨਸ਼ਾ, ਇਕ ਖੁਮਾਰ ਛਾ ਜਾਂਦਾ ਹੈ। ਮਨੁੱਖ ਆਪੇ ਨੂੰ ਭੁੱਲ ਜਾਂਦਾ ਹੈ, ਦੁਆਲੇ ਨੂੰ ਭੁੱਲ ਜਾਂਦਾ ਹੈ, ਸਭ ਕਾਸੇ ਨੂੰ ਭੁੱਲ ਜਾਂਦਾ ਹੈ। ਇਹ ਨਾਚ ਕਿਸੇ ਸੁਰ ਤਾਲ ਦਾ ਪਾਬੰਦ ਨਹੀਂ ਹੁੰਦਾ, ਕਿਸੇ ਨਿਯਮ ਜਾਂ ਬੰਦਸ਼ ਦਾ ਕੈਦ ਨਹੀਂ ਹੁੰਦਾ। ਲੋਕ ਜਿਵੇਂ ਤਰੰਗ ਆਵੇ, ਉਛਾਲ ਆਵੇ, ਨੱਚ ਲੈਂਦੇ ਹਨ। ਇਹੀ ਲੋਕ-ਨਾਚ ਹਨ।

***(1) ਮਨੁੱਖ ਖੁਸ਼ੀ ਕਿਵੇਂ ਪ੍ਰਗਟ ਕਰਦਾ ਹੈ—***

(ੳ) ਹੱਸ-ਖੇਡ ਕੇ — (ਅ) ਨੱਚ-ਗਾ ਕੇ

(ੲ) ਕੁੱਝ ਕਹਿ ਕੇ — (ਸ) ਇਹਨਾਂ ਵਿੱਚੋਂ ਕੋਈ ਨਹੀਂ

***(2) ਜਦੋਂ ਮਨੁੱਖੀ ਖੁਸ਼ੀ ਹੱਦਾਂ ਟੱਪ ਜਾਵੇ ਤਾਂ ਉਹ ਕੀ ਕਰਦਾ ਹੈ?***

(ੳ) ਰੋਂਦਾ ਹੈ — (ਅ) ਹੱਸਦਾ ਹੈ

(ੲ) ਨੱਚਦਾ ਹੈ — (ਸ) ਘਮੰਡ ਕਰਦਾ ਹੈ

***(3) 'ਖੇੜਾ-ਖੇੜਾ ਹੋ ਉੱਠਣਾ' ਦਾ ਅਰਥ ਹੈ—***

(ੳ) ਖੇਰੂੰ-ਖੇਰੂੰ ਹੋਣਾ — (ਅ) ਟੁਕੜੇ-ਟੁਕੜੇ ਹੋਣਾ

(ੲ) ਬਹੁਤ ਖੁਸ਼ ਹੋਣਾ — (ਸ) ਉਪਰੋਕਤ ਸਾਰੇ

*(4) ਲੋਕ ਨਾਚ ਕਿਸ ਦਾ ਪਾਬੰਦ ਨਹੀਂ*

(ੳ) ਨਿਯਮ (ਅ) ਸੁਰ ਤਾਲ

(ੲ) ਬੰਦਸ਼ (ਸ) ਉਪਰੋਕਤ ਸਾਰੇ

*(5) 'ਬੇਅਖ਼ਤਿਆਰ' ਸ਼ਬਦ ਵਿੱਚ 'ਬੇ' ਕੀ ਹੈ?*

(ੳ) ਸਮਾਸ (ਅ) ਅਗੇਤਰ

(ੲ) ਪਿਛੇਤਰ (ਸ) ਸ਼ਬਦ ਜੋੜ

(2) ਸਮਾਂ ਇੱਕ ਮਹਾਨ ਖਜ਼ਾਨਾ ਹੈ। ਅਮਰੀਕਾ ਤੇ ਜਪਾਨ ਵਿੱਚ ਮੀਂਹ ਹੋਵੇ, ਹਨੇਰੀ ਹੋਵੇ, ਠੰਢ ਹੋਵੇ, ਗਰਮੀ ਹੋਵੇ, ਅੱਠ ਘੰਟੇ ਹਰ ਕੋਈ ਡੱਟ ਕੇ ਕੰਮ ਕਰਦਾ ਹੈ। ਦਫ਼ਤਰਾਂ ਵਿੱਚ, ਖੇਤਾਂ ਵਿੱਚ, ਕਾਰਖਾਨਿਆਂ ਵਿੱਚ ਤਾਂ ਸਾਲ ਅੰਦਰ ਮਸਾਂ ਚਾਰ ਛੁੱਟੀਆਂ ਹੁੰਦੀਆਂ ਹਨ। ਸਾਡੇ ਦੇਸ ਵਿੱਚ ਕਿੰਨੀਆਂ ਹੀ ਛੁੱਟੀਆਂ, ਕਿਨੇ ਥੋੜੇ ਕੰਮ, ਕਿੰਨਾ ਬੇਦਿਲਾ ਕੰਮ ਤੇ ਫਿਰ ਸਵੇਰੇ ਸ਼ਾਮ ਮੰਦਰਾਂ, ਗੁਰਦਵਾਰਿਆਂ ਵਿੱਚ ਭੀੜ, ਸਾਧੂ ਸੰਤਾਂ ਦੀ ਨਿੱਤ-ਫੇਰੀ, ਮਰਨੇ-ਜੰਮਣੇ ਤੇ ਵਿਆਹ। ਕਿਸੇ ਹੋਰ ਦੇਸ ਵਿੱਚ ਇਹਨਾਂ ਗੱਲਾਂ ਉੱਤੇ ਸਮਾਂ ਬਰਬਾਦ ਨਹੀਂ ਕੀਤਾ ਜਾਂਦਾ। ਲਾਊਡ ਸਪੀਕਰਾਂ ਉੱਤੇ ਧਰਮ ਨਹੀਂ ਵਹਿਮ-ਭਰਮ ਪ੍ਰਚਾਰੇ ਜਾਂਦੇ ਹਨ। ਹੋਰਨਾਂ ਦੇਸਾਂ ਵਿੱਚ ਭਾਵੇਂ ਕਿੰਨੀ ਵੀ ਬਰਫ਼ ਜੰਮੀ ਹੋਵੇ, ਕਾਮੇ ਪੂਰੇ ਅੱਠ ਵਜੇ ਕੰਮ 'ਤੇ ਪਹੁੰਚ ਜਾਂਦੇ ਹਨ। ਬਾਰਾਂ ਵਜੇ ਤੱਕ ਡੱਟ ਕੇ ਕੰਮ ਕੀਤਾ ਜਾਂਦਾ ਹੈ। ਇੱਕ ਘੰਟਾ ਵਿਚਕਾਰ ਖਾਣਾ ਖਾਂਦੇ ਹਨ ਅਤੇ ਪੰਜ ਵਜੇ ਤੀਕ ਅਣਥੱਕ ਮਿਹਨਤ ਹੁੰਦੀ ਹੈ। ਇਹੀ ਕਾਰਨ ਹੈ ਕਿ ਉਹਨਾਂ ਦੀ ਪੈਦਾਵਾਰ ਸਾਡੇ ਨਾਲੋਂ ਕਈ ਗੁਣਾ ਵਧੇਰੇ ਹੁੰਦੀ ਹੈ।

*(1) ਹੱਥਲੇ ਪੈਰੇ ਵਿੱਚ ਕਿਹੜੇ ਮੁਲਕਾਂ ਦੀ ਗੱਲ ਕੀਤੀ ਗਈ ਹੈ?*

(ੳ) ਇੰਗਲੈਂਡ ਤੇ ਅਮਰੀਕਾ (ਅ) ਭਾਰਤ ਤੇ ਜਪਾਨ

(ੲ) ਅਮਰੀਕਾ ਤੇ ਜਪਾਨ (ਸ) ਇੰਗਲੈਂਡ ਤੇ ਚੀਨ

*(2) ਉਪਰੋਕਤ ਬਾਹਰਲੇ ਦੇਸਾਂ ਵਿੱਚ ਕੰਮ ਕਰਨ ਵਾਲਿਆਂ ਨੂੰ ਸਾਲ ਵਿੱਚ ਕਿੰਨੀਆਂ ਛੁੱਟੀਆਂ ਮਿਲਦੀਆਂ ਹਨ?*

(ੳ) ਮਹੀਨੇ ਦੀਆਂ (ਅ) ਹਫ਼ਤੇ ਦੀਆਂ

(ੲ) ਚਾਰ (ਸ) ਅੱਠ

*(3) ਲਾਊਡ ਸਪੀਕਰਾਂ ਉੱਤੇ ਕਿਸ ਚੀਜ਼ ਦਾ ਪ੍ਰਚਾਰ ਕੀਤਾ ਜਾਂਦਾ ਹੈ?*

(ੳ) ਰੀਤੀ ਰਿਵਾਜਾਂ ਦਾ (ਅ) ਧਰਮ ਦਾ

(ੲ) ਫਿਲਮਾਂ ਦਾ (ਸ) ਵਹਿਮਾਂ-ਭਰਮਾਂ ਦਾ

*(4) ਉਪਰੋਕਤ ਪੈਰੇ ਵਿੱਚ ਕਿਸ ਮਹਾਨ ਖਜਾਨੇ ਦੀ ਗੱਲ ਹੋਈ ਹੈ?*

(ੳ) ਕੁਬੇਰ (ਅ) ਸਮਾਂ

(ੲ) ਰਿਸ਼ਤਿਆਂ (ਸ) ਧਰਮ

*(5) ਕਾਮੇ ਕਿੰਨੇ ਵਜੇ ਕੰਮ ਤੇ ਪੁਜ ਜਾਂਦੇ ਹਨ?*

(ੳ) ਦੱਸ ਵਜੇ (ਅ) ਛੇ ਵਜੇ

(ੲ) ਸੱਤ ਵਜੇ (ਸ) ਅੱਠ ਵਜੇ

## (ਅ) ਵਿਆਕਰਨ **5x4=20**

(1) (i) *'ਅੱਗਾ' ਸ਼ਬਦ ਦਾ ਅਰਥ ਹੈ 'ਅਗਲਾ ਹਿੱਸਾ' ਹੇਠ ਲਿਖਿਆਂ ਵਿੱਚੋਂ ਇਸ ਦਾ ਦੂਜਾ ਅਰਥ ਹੈ—*

(ੳ) ਅਗਲਾ ਕਮਰਾ (ਅ) ਸਰੀਰ ਦਾ ਅਗਲਾ ਪਾਸਾ

(ੲ) ਆਉਣ ਵਾਲਾ ਸਮਾਂ (ਸ) ਅਗਲਾ ਘਰ

(ii) *'ਸੂਈ' ਦਾ ਇਕ ਅਰਥ ਹੈ 'ਕਪੜੇ' ਸੀਉਣ ਵਾਲੀ' ਇਸ ਦਾ ਇਕ ਹੋਰ ਅਰਥ ਚੁਣੋ—*

(ੳ) ਛੋਟੀ ਨਦੀ (ਅ) ਮੋਟੀ ਤੇ ਲੰਮੀ ਸੂਈ

(ੲ) ਕੰਨ ਵਿੱਚ ਪਾਉਣ ਵਾਲੀ ਸੂਈ (ਸ) ਘੜੀ ਦੀ ਸੂਈ

(iii) *ਸਕਰਮਕ ਕਿਰਿਆ ਵਿੱਚ................ਹੁੰਦੇ ਹਨ।*

(ੳ) ਕਰਤਾ, ਕਿਰਿਆ (ਅ) ਕਰਤਾ, ਵਿਸ਼ੇਸ਼ਣ

(ੲ) ਕਰਮ, ਕਾਲ (ਸ) ਕਰਤਾ, ਕਰਮ

(iv) *'ਫਟਾਫਟ' ਕਿਸ ਪ੍ਰਕਾਰ ਦਾ ਕਿਰਿਆ ਵਿਸ਼ੇਸ਼ਣ—*

(ੳ) ਪਰਿਮਾਣ ਵਾਚਕ (ਅ) ਨਿਰਨਾ ਵਾਚਕ

(ੲ) ਸੰਖਿਆ ਵਾਚਕ (ਸ) ਪ੍ਰਕਾਰ ਵਾਚਕ

(2) (i) *ਸੰਗੀਤ.........ਵਿਸ਼ੇ ਬਾਰੇ ਮੈਂ ਕੁੱਝ ਨਹੀਂ ਜਾਣਦਾ। ਖਾਲੀ ਥਾਂ ਲਈ ਉਚਿਤ ਸੰਬੰਧਕ ਚੁਣੋ—*

(ੳ) ਦਾ (ਅ) ਦੀ

(ੲ) ਉੱਤੇ (ਸ) ਦੇ

(ii) *ਉਹ ਸ਼ਬਦ ਜੋ ਨਾਂਵਾਂ, ਪੜਨਾਂਵਾਂ ਜਾਂ ਵਿਸ਼ੇਸ਼ਣਾਂ ਦਾ ਦੂਜੇ ਸ਼ਬਦਾਂ ਨਾਲ ਸੰਬੰਧ ਦਰਸਾਉਂਦੇ ਹਨ—*

(ੳ) ਵਿਸਮਿਕ (ਅ) ਵਚਨ

(ੲ) ਸੰਬੰਧਕ (ਸ) ਯੋਜਕ

(iii) *ਇਕਦੀਪ ਨੂੰ ਪੜ੍ਹਾਓ ਤਾਂ ਕਿ ਉਹ ਚੰਗੇ ਅੰਕਾਂ ਨਾਲ ਪਾਸ ਹੋ ਜਾਵੇ। ਇਸ ਵਿੱਚ ਯੋਜਕ ਸ਼ਬਦ ਕਿਹੜਾ ਹੈ—*

(ੳ) ਨੂੰ (ਅ) ਉਹ

(ੲ) ਤਾਂ ਕਿ (ਸ) ਨਾਲ

(iv) *ਯੋਜਕ ਦੀਆਂ ਵਾਕਾਤਮਕ ਬਣਤਰਾਂ ਹਨ?*

(ੳ) ਤਿੰਨ (ਅ) ਦੋ

(ੲ) ਚਾਰ (ਸ) ਸੱਤ

(3) (i) *ਵਿਸਮਿਕ ਸ਼ਬਦ ਨੂੰ ਕਿੰਨੀਆਂ ਸ਼੍ਰੇਣੀਆਂ ਵਿੱਚ ਵੰਡਿਆ ਜਾ ਜਾਂਦਾ ਹੈ?*

(ੳ) ਦੋ (ਅ) ਸੱਤ

(ੲ) ਅੱਠ (ਸ) ਨੌਂ

(ii) *'ਸ਼ਾਬਾਸ਼'! ਵਿਸਮਕ ਕਿਹੜੀ ਸ਼੍ਰੇਣੀ ਵਿੱਚ ਆਉਂਦਾ ਹੈ?*

(ੳ) ਸੰਬੋਧਨੀ (ਅ) ਅਸੀਸ

(ੲ) ਪ੍ਰਸ਼ੰਸਾ (ਸ) ਹੈਰਾਨੀ

*(iii) 'ਸ਼ੈ' ਦਾ ਬਹੁਵਚਨ ਹੈ—*

(ੳ) ਸ਼ੈਆ (ਅ) ਸ਼ੈਵਾਂ

(ੲ) ਸ਼ੈਂਆ (ਸ) ਸ਼ੈਆਂ

*(iv) ਜਿਨ੍ਹਾਂ ਸ਼ਬਦ ਤੋਂ ਇਕ ਤੋਂ ਵੱਧ ਵਸਤੂਆਂ, ਥਾਵਾਂ ਜਾਂ ਜੀਵਾਂ ਦਾ ਪਤਾ ਲੱਗੇ, ਉਨ੍ਹਾਂ ਨੂੰ ਕਿਹਾ ਜਾਂਦਾ ਹੈ—*

(ੳ) ਵਚਨ (ਅ) ਇਕ ਵਚਨ

(ੲ) ਬਹੁਵਚਨ (ਸ) ਇਹਨਾਂ ਵਿੱਚੋਂ ਕੋਈ ਵੀ ਨਹੀਂ

*(4) (i) 'ਮਾਂ' ਦਾ ਬਹੁਵਚਨ ਲਈ ਠੀਕ ਵਿਕਲਪ ਹੈ—*

(ੳ) ਮਾਂਆਂ (ਅ) ਮਾਤੇ

(ੲ) ਮਾਂਵਾਂ (ਸ) ਮਾਤਾਵਾਂ

*(ii) ਚਲ ਰਹੇ ਸਮੇਂ ਨੂੰ ਕਿਹਾ ਜਾਂਦਾ ਹੈ—*

(ੳ) ਭਵਿੱਖਤ ਕਾਲ (ਅ) ਭੂਤ ਕਾਲ

(ੲ) ਅਨਿਸਚੇ ਭਵਿੱਖਤ ਕਾਲ (ਸ) ਵਰਤਮਾਨ ਕਾਲ

*(iii) 'ਉਹ ਦਿੱਲੀਓਂ ਆ ਰਿਹਾ ਸੀ' ਵਿੱਚ ਕਾਲ ਦੀ ਕਿਸਮ ਹੈ—*

(ੳ) ਵਰਤਮਾਨ ਕਾਲ (ਅ) ਭੂਤ ਕਾਲ

(ੲ) ਭਵਿੱਖਤ ਕਾਲ (ਸ) ਅਨਿਸਚਿਤ ਭਵਿੱਖਤ ਕਾਲ

*(iv) ਕਾਲ ਨੂੰ ਕਿੰਨੇ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ—*

(ੳ) ਦੋ (ਅ) ਤਿੰਨ

(ੲ) ਚਾਰ (ਸ) ਪੰਜ

*(5) (i) ਜਦੋਂ ਕੋਈ ਬੰਦਾ ਆਪਣਾ ਸੁਆਰਥ ਪੂਰਾ ਕਰਕੇ ਫੇਰ ਸ਼ਕਲ ਨਾ ਦਿਖਾਵੇ—*

(ੳ) ਜਿਹਾ ਰਾਜਾ ਤੇਹੀ ਪਰਜਾ (ਅ) ਤੂੰ ਕੌਣ, ਮੈਂ ਖਾਹਮਖਾਹ

(ੲ) ਉਲਟੇ ਬਾਂਸ ਬਰੇਲੀ ਨੂੰ (ਸ) ਢਿੱਡ ਭਰਿਆ ਤੇ ਕੰਮ ਸਰਿਆ

*(ii) ਜਦੋਂ ਚੀਜ਼ ਘੱਟ ਹੋਵੇ ਅਤੇ ਉਸ ਦੀ ਮੰਗ ਕਰਨ ਵਾਲੇ ਬਹੁਤੇ ਹੋਣ ਤਾਂ ਕਿਹਾ ਜਾਂਦਾ ਹੈ—*

(ੳ) ਸਰਫਾ ਕਰਕੇ ਸੁੱਤੀ, ਆਟਾ ਖਾ ਗਈ ਕੁੱਤੀ (ਅ) ਹਮ ਨਾ ਵਿਆਹੇ ਤਾਂ ਕਾਹਦੇ ਸਾਹੇ

(ੲ) ਇੱਕ ਅਨਾਰ ਸੌ ਬਿਮਾਰ (ਸ) ਡੂਮਣੀ ਦੀ ਨੱਥ, ਕਦੇ ਨੱਕ ਕਦੇ ਹੱਥ

*(iii) ਉੱਖਲੀ ਵਿੱਚ ਸਿਰ ਦਿੱਤਾ ਤਾਂ.................। ਅਖਾਣ ਪੂਰਾ ਕਰੋ ਕਰਨ ਲਈ ਠੀਕ ਤੁਕ ਚੁਣੋ—*

(ੳ) ਡੰਡਿਆਂ ਦਾ ਕੀ ਡਰ (ਅ) ਮਾਰ ਦਾ ਕੀ ਡਰ

(ੲ) ਮੁਸੀਬਤ ਦਾ ਡਰ (ਸ) ਮੋਹਲਿਆਂ ਦਾ ਕੀ ਡਰ

*(iv) ਇੱਕ ਮੱਛੀ ਸਾਰਾ ਜਲ ਗੰਦਾ ਕਰ ਦਿੰਦੀ ਹੈ, ਲਈ ਕਿਹੜਾ ਅਰਥ ਠੀਕ ਹੈ—*

(ੳ) ਖਰਾਬ ਮੱਛੀ ਸਾਰਾ ਪਾਣੀ ਖਰਾਬ ਕਰਦੀ ਹੈ

(ਅ) ਭੈੜਾ ਬੰਦਾ ਖਰਾਬ ਮੱਛੀ ਪਾਣੀ ਵਿੱਚ ਪਾ ਦਿੰਦਾ ਹੈ

(ੲ) ਇਕ ਆਦਮੀ ਦੇ ਭੈੜ ਕਾਰਨ ਸਭ ਦਾ ਬਦਨਾਮ ਹੋ ਜਾਣਾ

(ਸ) ਇਕ ਆਦਮੀ ਦੀ ਸੋਚ ਕਾਰਨ ਸਭ ਗੰਦੇ ਹੋ ਜਾਂਦੇ ਹਨ

## (ੲ) ਪਾਠ ਪੁਸਤਕਾਂ ਤੇ ਆਧਾਰਿਤ— **20+10+10=40**

*(1)* **ਛੋਟੇ ਉੱਤਰ ਵਾਲੇ ਪ੍ਰਸ਼ਨ—**

*(1) ਗੁਲਬਾਨੋ ਦੇ ਪਤੀ ਖੁਸ਼ਦਿਲ ਖ਼ਾਨ ਦਾ ਉਸ ਤੇ ਗੁੱਸਾ ਕਰਨਾ ਅਤੇ ਫਿਰ ਉਸਨੂੰ ਮਾਰ ਦੇਣਾ, ਕੀ ਇਹ ਉਚਿਤ ਸੀ?*

*(2) ਕੰਮ ਅਤੇ ਮਿਹਨਤ ਬਾਰੇ ਕਿਸ਼ਨੇ ਦੇ ਕੀ ਵਿਚਾਰ ਸਨ?*

*(3) ਕਿਸ਼ਨਾ ਸ਼ਹਿਰ ਵਿੱਚ ਉਦਾਸ ਕਿਉਂ ਰਹਿਣ ਲੱਗ ਪਿਆ ਸੀ? ਉਸਦੇ ਜੁਆਈ ਨੇ ਆਪਣੇ ਸਹੁਰੇ ਦੀ ਉਦਾਸੀ ਦੂਰ ਕਰਨ ਲਈ ਕੀ-ਕੀ ਕੀਤਾ?*

*(4) ਰਾਣੀ ਲਕਸ਼ਮੀ ਬਾਈ ਦੇ ਬਚਪਨ ਬਾਰੇ ਜਾਣਕਾਰੀ ਆਪਣੇ ਸ਼ਬਦਾਂ ਵਿੱਚ ਲਿਖੋ।*

*(5) ਟੈਗੋਰ ਨੂੰ ਸਰ ਦੀ ਪਦਵੀ ਕਦੋਂ ਮਿਲੀ? ਉਨ੍ਹਾਂ ਨੇ ਇਹ ਪਦਵੀ ਕਿਉਂ ਤੇ ਕਦੋਂ ਵਾਪਸ ਕੀਤੀ?*

*(6) ਯੁੱਧ ਬਾਰੇ ਟੈਗੋਰ ਦੇ ਕੀ ਵਿਚਾਰ ਸਨ?*

*(7) ਵਰਧਮਾਨ ਮਹਾਂਵੀਰ ਨੂੰ 'ਵੀਰ' ਕਿਉਂ ਕਿਹਾ ਜਾਣ ਲੱਗ ਪਿਆ?*

*(8) ਦਾੜ੍ਹ ਪੀੜ ਲੇਖ ਦੀਆਂ ਕੋਈ ਦੋ ਦਿਲਚਸਪ ਗੱਲਾਂ ਲਿਖੋ।*

*(9) ਨਿਊਯਾਰਕ ਵਿੱਚ ਮੋਟਰਕਾਰ ਰੱਖਣਾ ਬਿਪਤਾ ਕਿਉਂ ਹੈ? ਉਥੋਂ ਦੇ ਲੋਕ ਜ਼ਿਆਦਾਤਰ ਕਿਸ ਵਿੱਚ ਸਫ਼ਰ ਕਰਦੇ ਹਨ?*

*(10) 'ਮਹਾਨ ਹੈ ਉਹ ਵਿਅਕਤੀ' ਲੇਖ ਦੇ ਆਧਾਰ ਤੇ ਦੱਸੋ ਕਿ ਪਿੰਨਾਂ ਨਾਲ ਲੋਕ ਕੀ-ਕੀ ਖੇਡਾਂ ਖੇਡਦੇ ਹਨ?*

**ਲੰਮੇ ਉੱਤਰ ਵਾਲੇ ਪ੍ਰਸ਼ਨ**

*(2) 1. ਭਾਰਤ ਅਤੇ ਅਮਰੀਕਾ ਵਿੱਚ ਇਮਾਰਤਾਂ ਉਸਾਰਨ ਦੇ ਢੰਗਾਂ ਵਿੱਚ ਕੀ ਫ਼ਰਕ ਹੈ? ਵਿਸਤਾਰ ਸਹਿਤ ਦੱਸੋ।*

***ਜਾਂ***

*ਕਵੀ ਧਨੀਰਾਮ ਚਾਤ੍ਰਿਕ ਅਨੁਸਾਰ ਮਨੁੱਖ ਦੀਆਂ ਕਿੰਨੀਆਂ ਮਾਵਾਂ ਹਨ? ਆਪਣੀ ਮਾਂ ਬੋਲੀ ਬਾਰੇ ਕਵੀ ਕਿਹੋ ਜਿਹੇ ਵਿਚਾਰ ਪੇਸ਼ ਕਰਦਾ ਹੈ?*

*2. 'ਮੁਰਦੇ ਦਾ ਰਾਸ਼ਨ' ਇਕਾਂਗੀ ਦੇ ਆਧਾਰ ਤੇ ਰਘੂਨਾਥ ਦੀ ਪਰਿਵਾਰਕ ਸਥਿਤੀ ਦੱਸਦੇ ਹੋਏ ਉਸਦੇ ਚਰਿੱਤਰ ਤੇ ਚਾਨਣਾ ਪਾਉ।*

*(3)* **ਬਹੁ ਵਿਕਲਪੀ ਪ੍ਰਸ਼ਨ**

***(1)*** *ਖੁਸ਼ਦਿਲ ਖ਼ਾਨ ਗਾਰਡ ਦੇ ਘਰ ਚੰਨਣ ਦੁੱਧ ਦੇਣ ਆਉਂਦਾ ਸੀ। ਵਰ੍ਹਿਆਂ ਤੋਂ ਉਹ ਰੋਜ਼ ਸਵੇਰੇ-ਸ਼ਾਮ ਉਨ੍ਹਾਂ ਦੇ ਘਰ ਵਲਟੋਹੀ ਦੇਣ ਆਉਂਦਾ। ਨਜ਼ਰਾਂ ਉਹਦੀਆਂ ਅੰਦਰਲੇ ਵਿਹੜੇ ਵਿੱਚੋਂ ਕੁੱਝ ਲੱਭਦੀਆਂ ਰਹਿੰਦੀਆਂ ਪਰ ਗੁਲਬਾਨੋ ਉਹਨੂੰ ਕਦੇ ਨਜ਼ਰ ਨਾ ਆਈ।*

***ਚੰਨਣ ਕਿਸ ਨੂੰ ਲੱਭਦਾ ਰਹਿੰਦਾ ਸੀ?***

(ੳ) ਦੁੱਧ ਦਾ ਭਾਂਡਾ (ਅ) ਖੁਸ਼ਦਿਲ ਖਾਨ

(ੲ) ਗੁਲਬਾਨੋ (ਸ) ਦੁੱਧ ਲੈਣ ਲਈ ਕਿਸੀ ਨੂੰ

***(2)*** *ਲੁਕ-ਲੁਕਾ ਕੇ ਤਾਂ ਸਾਰੇ ਹੀ ਪਠਾਣ ਰੱਖਦੇ ਸਨ ਆਪਣੀਆਂ ਬੀਵੀਆਂ ਨੂੰ ਜਿਵੇਂ ਉਹ ਆਪਣੀਆਂ ਤ੍ਰੀਮਤਾਂ ਨੂੰ ਵਿਆਹ-ਵਰ ਕੇ ਨਾ ਲਿਆਏ ਹੋਣ, ਕਿੱਧਰੋਂ ਲੁੱਟ ਕੇ ਲਿਆਏ ਹੋਣ।*

*ਤ੍ਰੀਮਤ ਦਾ ਕੀ ਅਰਥ ਹੈ—*

(ੳ) ਪਤਨੀ (ਅ) ਕੁੜੀ

(ੲ) ਭੈਣ (ਸ) ਔਰਤ

*(3) ਕਿਸ਼ਨਾ ਤਰਖਾਣ ਬੋਲੀ ਸੁਣ ਕੇ ਝੂਮ ਉੱਠਿਆ। ਉਹਨੇ ਉੱਠ ਕੇ ਮੁੰਡੇ ਨੂੰ ਥਾਪੀ ਦਿੱਤੀ ਤੇ ਤੇੜ ਪਾਏ ਖੱਦਰ ਦੇ ਸਾਫ਼ੇ ਲੜੋਂ ਖੋਲ੍ਹ ਕੇ ਰੁਪਈਆ ਉਹਨੂੰ ਫੜਾ ਦਿੱਤਾ।*

***ਕਿਸ਼ਨੇ ਦਾ ਸਾਫ਼ਾ ਕਿਹੜੇ ਕਪੜੇ ਦਾ ਸੀ?***

(ੳ) ਮਲਮਲ (ਅ) ਖੱਦਰ

(ੲ) ਟੈਰੀਕਾਟ (ਸ) ਰੇਸ਼ਮੀ

*(4) ਰੁੱਖੇ ਪਰਬਤ ਖ਼ੈਬਰੀ, ਦਿੱਸੇ ਨਾ ਤੀਲਾ, ਖੱਡਾਂ ਵਾਛਾਂ ਅੱਡੀਆਂ, ਸੱਜੇ ਤੇ ਖੱਬੇ।*

*ਸਿਰ-ਤਲਵਾਈਆਂ ਘਾਟੀਆਂ ਨਾ ਚੱਲੇ ਹੀਲਾ, ਕਿੱਲੀ ਖ਼ਾਨ ਜ਼ਮਾਨ ਦੀ ਚੋਟੀ 'ਤੇ ਫੱਬੇ।*

***ਕਿੱਥੋਂ ਦੇ ਪਰਬਤ ਦਾ ਜ਼ਿਕਰ ਉਪਰਲੀਆਂ ਤੁਕਾਂ ਵਿੱਚ ਕੀਤਾ ਗਿਆ ਹੈ?***

(ੳ) ਹਿਮਾਲਿਆ ਦੇ (ਅ) ਹਿਮਾਚਲ ਦੇ

(ੲ) ਖੈਬਰ ਇਲਾਕੇ ਦੇ (ਸ) ਗੜਵਾਲ ਦੇ

*(5) ਦੁਨੀਆਂ ਨੂੰ ਵਸਾਇਆ ਏ ਮਿਹਨਤ ਦੀ ਜਵਾਨੀ ਨੇ, ਭੁੱਖੀ ਹੀ ਰਹੀ ਮਰਦੀ ਮਿਹਨਤ ਦੀ ਜਵਾਨੀ ਏ।*

***ਉਪਰੋਕਤ ਤੁਕਾਂ ਦੇ ਕਵੀ ਕੌਣ ਹਨ।***

(ੳ) ਤਾਰਾ ਸਿੰਘ (ਅ) ਮੋਹਨ ਸਿੰਘ

(ੲ) ਭਾਈ ਵੀਰ ਸਿੰਘ (ਸ) ਬਾਵਾ ਬਲਵੰਤ

*(6) ਨਾ ਰੋ ਨੀ ਵੀਣੀ, ਚੁਪ ਕਰ ਵੀਣੀ, ਨੀ ਵੀਰਨ ਦੀਏ ਆਸੇ।*

*ਭੈਣੂ ਦੀ ਮਜ਼ਬੂਰੀ ਤੈਨੂੰ, ਘੁਟ ਘੁਟ ਦਵੇ ਦਿਲਾਸੇ।*

***ਉਪਰਲੀਆਂ ਤੁਕਾਂ ਵਿੱਚ ਕਵੀ ਕਿਸ ਨੂੰ ਦਿਲਾਸਾ ਦੇ ਰਿਹਾ ਹੈ?***

(ੳ) ਭੈਣ ਨੂੰ (ਅ) ਮਾਂ ਨੂੰ

(ੲ) ਕਲਾਈ ਨੂੰ (ਸ) ਪਤਾ ਨਹੀਂ

*(7) ਨਿੱਕੇ-ਨਿੱਕੇ ਪੈਰ ਮੇਰੀ ਪੋਪੀ ਦੇ ਨੀਂਦਰ ਵਿੱਚ ਉਂਘਲਾਉਣ, ਆ ਨੀ ਨੀਂਦੇ ਭਾਗੀਂ-ਭਰੀਏ, ਪੋਪੀ ਨੂੰ ਸੁਫ਼ਨੇ ਆਉਣ।*

***ਪੋਪੀ ਤੇ ਕਵੀ ਦਾ ਆਪਸ ਵਿੱਚ ਕੀ ਰਿਸ਼ਤਾ ਹੈ?***

(ੳ) ਭੈਣ ਭਰਾ ਦਾ (ਅ) ਚਾਚਾ ਭਤੀਜੀ ਦਾ

(ੲ) ਭੂਆ ਭਤੀਜੇ ਦਾ (ਸ) ਪਿਉ ਧੀ ਦਾ

*(8) ਪਹਿਲੇ ਪੰਜ ਚਾਰ ਦਿਨ ਤਾਂ ਪੀੜ ਇੰਨੇ ਜ਼ੋਰ ਦੀ ਰਹੀ ਕਿ ਉਹ ਥਰਮਾਮੀਟਰ ਨਾਲ ਨਾਪੀ ਜਾ ਸਕਦੀ ਸੀ। ਕਿਉਂਕਿ ਇਸ ਦੇ ਜ਼ੋਰ ਨਾਲ ਅਕਸਰ 104-5 ਦਰਜੇ ਤੱਕ ਬੁਖ਼ਾਰ ਵੀ ਚੜ੍ਹ ਜਾਂਦਾ ਸੀ।*

***ਉਪਰੋਕਤ ਤੁਕਾਂ ਵਿੱਚ ਕਿਹੜੀ ਦਰਦ ਦਾ ਜ਼ਿਕਰ ਹੈ।***

(ੳ) ਬਾਂਹ ਦੇ ਦਰਦ ਦਾ (ਅ) ਗਲੇ ਦਾ ਦਰਦ

(ੲ) ਦੰਦਾਂ ਦੇ ਦਰਦ ਦਾ (ਸ) ਦਾੜ੍ਹ ਦਾ ਦਰਦ

*(9) ਬਿਨਾਂ ਫਰਜ਼ ਨਿਭਾਏ ਸਵੈ-ਭਰੋਸੇ ਦੀ ਆਸ ਕਰਨੀ ਨਿਰਮੂਲ ਹੈ। ਫਰਜ਼ ਨਿਭਾਏ ਬਿਨਾਂ ਸੁਖ ਦੀ ਆਸ ਵੀ ਨਿਰਮੂਲ ਹੈ। ਫਰਜ਼ ਉਹ ਹੈ ਜਿਸ ਦੀ ਚਰਚਾ ਨਹੀਂ ਹੋ ਸਕਦੀ। ਚਰਚਾ ਸਦਾ ਹੀ ਫ਼ਰਜ਼ ਨਾ ਨਿਭਾਉਣ ਦੀ ਹੁੰਦੀ ਹੈ।*

***ਸਵੈ-ਭਰੋਸੇ ਦੀ ਆਸ ਕਦੋਂ ਨਹੀਂ ਕਰਨੀ ਚਾਹੀਦੀ?***

(ੳ) ਸਮਾਜ ਸੇਵਾ ਕੀਤੇ ਬਿਨਾਂ (ਅ) ਪੜ੍ਹਾਈ ਕੀਤੇ ਬਿਨਾਂ

(ੲ) ਫਰਜ਼ ਨਿਭਾਏ ਬਿਨਾਂ (ਸ) ਯਾਤਰਾ ਤੇ ਗਏ ਬਿਨਾਂ

*(10) ਸੁਡੌਲ ਸਰੀਰ ਦੀ ਪਹਿਲੀ ਲੋੜ ਜਿੱਥੇ ਕੱਦ ਅਨੁਸਾਰ ਭਾਰ ਦੀ ਹੈ, ਉਥੇ ਦੂਜੀ ਲੋੜ ਭਾਰ ਥਾਂ ਸਿਰ ਹੋਣ ਦੀ ਹੈ। ਸਰੀਰਕ ਮਾਹਿਰ ਆਮ ਕਹਿੰਦੇ ਹਨ ਕਿ ਜਿੰਨਾਂ ਕਿਸੇ ਦਾ ਲੱਕ ਪਤਲਾ ਹੋਵੇਗਾ, ਉਨੀ ਹੀ ਉਸ ਦੀ ਉਮਰ ਲੰਮੀ ਹੋਵੇਗੀ।*

***ਸੁਡੌਲ ਸਰੀਰ ਦੇ ਪਿੱਛੇ ਪਹਿਲੀ ਲੋੜ ਕਿਹੜੀ ਹੈ?***

(ੳ) ਲੰਮਾ ਹੋਣਾ (ਅ) ਤੰਦਰੁਸਤ ਦਿਮਾਗ

(ੲ) ਕੱਦ ਅਨੁਸਾਰ ਭਾਰ (ਸ) ਭਾਰ ਸਥਿਰ ਹੋਣਾ

## (ਸ) ਲਿਖਤੀ

**5+5=10**

*(1) ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ* **'ਸ਼ਹੀਦ ਭਗਤ ਸਿੰਘ'** *ਬਾਰੇ ਲਗਪਗ 200 ਸ਼ਬਦਾਂ ਦਾ ਲੇਖ ਲਿਖੋ।*

**ਨੁਕਤੇ—**

** ਜਨਮ ਤੇ ਬਚਪਨ * ਪਰਿਵਾਰਕ ਪਿਛੋਕੜ * ਗਦਰ ਲਹਿਰ*

** ਸਾਈਮਨ ਕਮਿਸ਼ਨ ਦਾ ਵਿਰੋਧ * ਮੁੱਕਦਮਾ ਤੇ ਸ਼ਹੀਦੀ*

***ਜਾਂ***

*ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ* **'ਵੱਧਦੇ ਫੈਸ਼ਨ'** *ਵਿਸ਼ੇ ਤੇ ਲਗਪਗ 200 ਸ਼ਬਦਾਂ ਦਾ ਲੇਖ ਲਿਖੋ।*

**ਨੁਕਤੇ—**

** ਮਰਦ ਤੇ ਇਸਤਰੀਆਂ ਵਿੱਚ ਸੁਹਣਾ ਦਿੱਸਣ ਦੀ ਚਾਹ * ਵੱਖ-ਵੱਖ ਸੱਭਿਆਚਾਰ ਦਾ ਪ੍ਰਭਾਵ*

** ਮਹਾਨਗਰਾਂ ਵਿੱਚ ਫੈਸ਼ਨ ਪ੍ਰਤੀ ਰੁਚੀ * ਫੈਸ਼ਨ ਕਾਰਨ ਵੱਧਦਾ ਟਕਰਾਅ ਤੇ ਸੁਝਾਅ*

*(2) ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ* ***ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ*** *ਜੁਰਮਾਨਾ ਮੁਆਫੀ ਲਈ ਬਿਨੈ ਪੱਤਰ ਲਿਖੋ।*

**ਨੁਕਤੇ—**

** ਆਪਣੇ ਬਾਰੇ ਜਾਣਕਾਰੀ ਦੇਣੀ*

** ਜੁਰਮਾਨਾ ਲੱਗਣ ਦਾ ਕਾਰਨ ਦੱਸੋ*

** ਜੁਰਮਾਨਾ ਨਾ ਭਰਨ ਦਾ ਕਾਰਨ ਦੱਸੋ*

** ਭਵਿੱਖ ਵਿੱਚ ਇਹੋ ਜਿਹੀ ਘਟਨਾ ਦੁਬਾਰਾ ਨਾ ਹੋਣ ਦਾ ਵਚਨ*

** ਜੁਰਮਾਨਾ ਮੁਆਫ ਕੀਤੇ ਜਾਣ ਦੀ ਆਸ ਵਿੱਚ ਧੰਨਵਾਦੀ*

***ਜਾਂ***

*ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ* ***ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ*** *ਲਾਇਬਰੇਰੀ ਵਿੱਚ ਰੋਜਾਨਾ ਪੰਜਾਬੀ ਅਖ਼ਬਾਰ (ਅਜੀਤ/ਚੜ੍ਹਦੀ ਕਲਾ/ਟ੍ਰਿਬਿਊਨ) ਮੰਗਵਾਉਣ ਲਈ ਬਿਨੈ ਪੱਤਰ ਲਿਖੋ।*

**ਨੁਕਤੇ—**

** ਆਪਣੇ ਬਾਰੇ ਜਾਣਕਾਰੀ ਦੇਣੀ*

** ਪੰਜਾਬੀ ਅਖਬਾਰ ਦੀ ਘਾਟ ਕਿਉਂ ਮਹਿਸੂਸ ਹੁੰਦੀ ਹੈ*

** ਪੰਜਾਬੀ ਅਖ਼ਬਾਰ (ਨਾਂ ਦੱਸਕੇ) ਹੀ ਕਿਉਂ ਮੰਗਵਾਉਣਾ ਚਾਹੁੰਦੇ ਹੋ*

** ਅਖ਼ਬਾਰਾਂ ਆਉਣ ਨਾਲ ਵਿਦਿਆਰਥੀਆਂ ਨੂੰ ਫਾਇਦਾ*

** ਸਾਥੀਆਂ ਸਮੇਤ ਧੰਨਵਾਦੀ ਹੋਣ ਦਾ ਪ੍ਰਗਟਾਵਾ*

# ਉੱਤਰ

## (ANSWER KEY)

### (ੳ) ਗਿਆਨ ਤੇ ਵਿਚਾਰ (ਅਣਡਿੱਠਾ ਪੈਰਾ)

1. (1) ਅ
(2) ੲ
(3) ੲ
(4) ਸ
(5) ਅ

2. (1) ੲ
(2) ੲ
(3) ਸ
(4) ਅ
(5) ਸ

### (ਅ) ਵਿਆਕਰਨ

1. (*i*) ੲ
(*ii*) ਸ
(*iii*) ਸ
(*iv*) ਸ

2. (*i*) ਸ
(*ii*) ੲ
(*iii*) ੲ
(*iv*) ਅ

3. (*i*) ਸ
(*ii*) ੲ
(*iii*) ਸ
(*iv*) ੲ

4. (*i*) ੲ
(*ii*) ਸ
(*iii*) ਅ
(*iv*) ਅ

5. (*i*) ਸ
(*ii*) ੲ
(*iii*) ਸ
(*iv*) ੲ

### (ੲ) ਪਾਠ ਪੁਸਤਕਾਂ ਤੇ ਆਧਾਰਿਤ —— (1. ਛੋਟੇ ਉੱਤਰ ਵਾਲੇ ਪ੍ਰਸ਼ਨ ਅਤੇ ਲੰਮੇ ਉੱਤਰ ਵਾਲੇ ਪ੍ਰਸ਼ਨ)

4. ਬਹੁ ਵਿਕਲਪੀ ਪ੍ਰਸ਼ਨਾਂ ਦੇ ਉੱਤਰ

(1) ੲ (2) ੳ (3) ਅ (4) ੲ
(5) ਸ (6) ੲ (7) ਸ (8) ਸ
(9) ੲ (10) ੲ

### (ਸ) ਲਿਖਤੀ (ਲੇਖ ਅਤੇ ਪੱਤਰ)